Section - C

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

SikhSpokesman

ਸਿੱਖ ਸਪੋਕਸਮੈਨ

ਸਿੱਖ ਜਗਤ ਦੀ ਸਹੀ ਸੋਚ ਅਤੇ ਜਾਣਕਾਰੀ ਲਈ

The Sikh Spokesman Newspaper, Toronto, Canada Pages 16+16+16 =48 Published Every Friday Vol. 5, Issue 20

November 15-21, 2013 Email : info@sikhspokesman.com Tel : 905-497-1216 ੨ ਮੱਘਰ, ਸੰਮਤ ਨਾਨਕਸ਼ਾਹੀ ੫੪੫



ਚੜ੍ਹਿਆ ਸੋਧਣ ਧਰਤ ਲੁਕਾਈ ॥

ਦਿੱਗ ਵਿਜੈਈ ਗੁਰੂ ਨਾਨਕ

ਡਾ: ਗੁਰਦੇਵ ਸਿੰਘ

ਗੁਰੂ ਨਾਨਕ ਦੇਵ ਜੀ ਭਾਰਤ ਦੇ ਮੱਧਕਾਲੀਨ ਇਤਿਹਾਸ ਦੀ ਸਭ ਤੋਂ ਮਹਾਨ ਸ਼ਖਸੀਅਤ ਹਨ, ਜਿਨ੍ਹਾਂ ਨੇ ਆਪਣੇ ਅਧਿਆਤਮਕ ਗਿਆਨ ਅਤੇ ਚਿੰਤਨ ਦੇ ਉਜਾਲੇ ਨਾਲ ਸਮੁੱਚੀ ਮਾਨਵਤਾ ਦਾ ਪੱਥ-ਪ੍ਰਦਰਸ਼ਨ ਕੀਤਾ। ਉਨ੍ਹਾਂ ਦੇ ਆਗਮਨ ਨਾਲ ਜਿਥੇ ਭਾਰਤੀ ਅਧਿਆਤਮਕ ਚਿੰਤਨ/ਪਰੰਪਰਾ ਵਿਚ ਇਕ ਨਵਾਂ ਅਧਿਆਇ ਜੁੜਦਾ ਹੈ, ਉਥੇ ਨਾਲ ਹੀ ਪੰਜਾਬ ਦੀ ਧਰਤੀ 'ਤੇ ਇਕ ਨਵੀਂ ਸੰਸਕ੍ਰਿਤੀ ਪੈਦਾ ਹੁੰਦੀ ਹੈ ਜੋ ਮਨੁੱਖਤਾ ਨੂੰ ਇਕ ਸੂਤਰ ਵਿਚ ਪਰੋਣ ਲਈ ਇਕ ਨਵੀਂ ਜੀਵਨ-ਜਾਚ ਦਾ ਸੰਕਲਪ ਪ੍ਰਸਤੁਤ ਕਰਦੀ ਹੈ। ਉਨ੍ਹਾਂ ਦਾ ਜੀਵਨ- ਇਤਿਹਾਸ, ਸ਼ਖਸੀਅਤ ਅਤੇ ਉਨ੍ਹਾਂ ਦੀ ਬਾਣੀ ਦਾ ਅਧਿਐਨ ਕਰਨ ਉਪਰੰਤ ਇਹ ਤੱਥ ਸਹਿਜੇ ਹੀ ਉਜਾਗਰ ਹੋ ਜਾਂਦਾ ਹੈ ਕਿ ਉਹ ਇਕ ਅਜਿਹੇ ਸਰਬ-ਕਲਾ ਸੰਪੰਨ ਧਰਮ-ਨਾਇਕ ਸਨ, ਜਿਨ੍ਹਾਂ ਨੇ ਅਧਿਆਤਮਿਕ ਆਦਰਸ਼ ਅਤੇ ਜੀਵਨ-ਆਦਰਸ਼ ਦਾ ਨਾ ਕੇਵਲ ਸਿਧਾਂਤਕ ਮਾਡਲ ਪ੍ਰਸਤੁਤ ਕੀਤਾ ਬਲਕਿ ਇਨ੍ਹਾਂ ਮਾਡਲਾਂ ਨੂੰ ਵਿਹਾਰਕ ਰੂਪ 'ਚ ਅਪਣਾ ਕੇ ਵੀ ਦਿਖਾਇਆ। ਇਸ ਤਰ੍ਹਾਂ ਉਨ੍ਹਾਂ ਨੇ ਅਧਿਆਤਮਿਕ ਵਰਗ ਦਾ ਵੀ ਪੱਥ-ਪਰਦਰਸ਼ਨ ਕੀਤਾ ਅਤੇ ਸਮੁੱਚੀ ਮਨੁੱਖਤਾ ਨੂੰ ਵੀ ਅਜਿਹੀ ਜੀਵਨ-ਜਾਚ ਦਰਸਾਈ, ਜਿਸ ਨੂੰ ਅਪਣਾ ਕੇ ਅਜੋਕਾ ਮਨੁੱਖ ਵੀ ਪਦਾਰਥਕ ਗੁੰਝਲਾਂ ਤੋਂ ਮੁਕਤ ਹੋ ਕੇ ਜੀਵਨ-ਲਕਸ਼ ਪ੍ਰਾਪਤ ਕਰ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨਾ ਕੇਵਲ ਭਾਰਤ ਦੇ ਬਲਕਿ ਪੂਰੇ ਵਿਸ਼ਵ ਦੇ ਇਕ ਅਜਿਹੇ ਵਿਲੱਖਣ ਦਰਵੇਸ਼ ਹਨ, ਜਿਨ੍ਹਾਂ ਨੇ ਸਮ-ਸਾਮਿਅਕ ਪਰਿਪੇਖ ਵਿਚ ਵਿਚ ਭੁੱਲੀ-ਭਟਕੀ, ਕੁਰਾਹੇ ਪਈ ਹੋਈ ਲੋਕਾਈ ਨੂੰ ਅਗਿਆਨਤਾ ਦੇ ਅੰਧੇਰੇ ਵਿਚੋਂ ਕੱਢਣ ਲਈ ਅਤੇ ਉਨ੍ਹਾਂ ਵਿਚ ਇਕ ਨਵੀਂ ਜੀਵਨ-ਦ੍ਰਿਸ਼ਟੀ ਦਾ ਸੰਚਾਰ ਕਰਨ ਲਈ ਦਰਵੇਸ਼ੀ ਦਾ ਇਕ ਅਦਭੁਤ ਨਮੂਨਾ ਪ੍ਰਸਤੁਤ ਕੀਤਾ। ਆਪਣੇ ਮਿਸ਼ਨ ਦੀ ਪੂਰਤੀ ਹਿਤ ਉਨ੍ਹਾਂ ਨੇ ਭਰ ਜੁਆਨੀ ਦੀ ਉਮਰ ਵਿਚ ਹੀ ਸੰਸਾਰਕ ਸੁਖਾਂ ਨੂੰ/ਪਰਿਵਾਰਕ ਮੋਹ ਨੂੰ ਤਿਆਗ ਦਿੱਤਾ ਅਤੇ ਲੋਕ ਕਲਿਆਣ ਹਿਤ ਦੂਰ-ਦੁਰਾਡੀਆਂ ਥਾਵਾਂ 'ਤੇ ਕਠਿਨ ਲੰਬੀਆਂ ਯਾਤਰਾਵਾਂ ਕੀਤੀਆਂ, ਜਿਨ੍ਹਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ।

'ਬਾਬੇ ਭੇਖ ਬਣਾਇਆ, ਉਦਾਸੀ ਕੀ ਰੀਤਿ ਚਲਾਈ॥ ਚੜ੍ਹਿਆ ਸੋਧਣ ਧਰਤ ਲੁਕਾਈ॥'

ਉਨ੍ਹਾਂ ਨੇ ਬਿਨਾਂ ਕਿਸੇ ਭੇਦ-ਭਾਵ ਦੇ ਲੋਕ-ਕਲਿਆਣ (ਅਧਿਆਤਮਕ ਅਤੇ ਸਮਾਜਕ ਪ੍ਰਸੰਗ 'ਚ) ਲਈ ਤਿੰਨ-ਚਾਰ ਉਦਾਸੀਆਂ (ਯਾਤਰਾਵਾਂ) ਕੀਤੀਆਂ ਅਤੇ ਵਿਸ਼ਾਲ ਭਾਰਤ ਦੇ ਹਰ ਕੋਨੇ ਤੋਂ ਇਲਾਵਾ ਮੱਧ-ਪੂਰਬ ਵਿਚ ਸਥਿਤ ਇਸਲਾਮੀ ਦੇਸ਼ਾਂ ਦੇ ਧਰਮ ਕੇਂਦਰਾਂ 'ਤੇ ਜਾ ਕੇ ਵਿਵਿਧ ਪ੍ਰਕਾਰ ਦੀਆਂ ਭਾਰਤੀ ਅਤੇ ਸਾਮੀ ਧਰਮ- ਪਰੰਪਰਾਵਾਂ ਦਾ ਅਧਿਐਨ ਕੀਤਾ, ਉਨ੍ਹਾਂ ਨਾਲ ਸੰਵਾਦ ਵੀ ਰਚਾਇਆ, ਸਮੇਂ ਦੀਆਂ ਚੁਣੌਤੀਆਂ ਦੇ ਪ੍ਰਤਿ-ਉੱਤਰ ਵਿਚ ਬਾਣੀ ਵੀ ਉਚਾਰੀ, ਆਪਣੀ ਧਾਰਮਿਕ ਵਿਚਾਰਧਾਰਾ ਦਾ ਸਿਧਾਂਤਕ ਪੱਖ ਵੀ ਪ੍ਰਸਤੁਤ ਕੀਤਾ ਅਤੇ ਨਾਲੇ ਅਗਿਆਨ 'ਚ ਗ੍ਰਸਤ ਲੋਕਾਂ ਨੂੰ ਕਰਮਾਚਾਰ, ਪਾਖੰਡ ਅਤੇ ਰਿਧੀਆਂ ਸਿਧੀਆਂ ਜਾਂ ਕਰਮਾਤਾਂ ਦੀ ਨਿਰਾਰਥਕਤਾ ਦੱਸ ਕੇ ਇਨ੍ਹਾਂ ਨੂੰ ਤਿਆਗਣ ਅਤੇ ਇਕ ਅਕਾਲਪੁਰਖ ਦੀ ਆਰਾਧਨਾ ਕਰਨ ਅਤੇ ਸੰਜਮ-ਮਈ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ। ਆਪਣੇ ਜੀਵਨ ਦੇ ਅੰਤਿਮ ਭਾਗ (1521 ਈ: ਤੋਂ 1539 ਈ:) 'ਚ ਕਰਤਾਰਪੁਰ ਆ ਕੇ ਆਪਣੀ ਧਾਰਮਿਕ ਵਿਚਾਰਧਾਰਾ ਨੂੰ ਸੰਸਥਾਗਤ ਰੂਪ ਪ੍ਰਦਾਨ ਕੀਤਾ। - ਬਾਕੀ ਸਫ਼ਾ ੭ ਸ਼ੈਕਸਨ ਸੀ ਤੇ

ਗੁਰਮਤਿ ਵਿਚਾਰਧਾਰਾ 'ਤੇ ਪਹਿਰਾ ਦੇਣ ਦੀ ਲੋੜ

ਸਿੱਖ ਸਿਧਾਂਤਾਂ, ਸਿੱਖ ਰਹਿਤ ਮਰਯਾਦਾ, ਸਿੱਖ ਪ੍ਰੰਪਰਾਵਾਂ ਅਤੇ ਸਿੱਖ ਇਤਿਹਾਸ ਵਿਚ ਖੋਟ ਮਿਲਾਉਣ ਦੇ ਇਰਾਦੇ ਨਾਲ ਪਿਛਲੇ ਲੰਮੇ ਸਮੇਂ ਤੋਂ ਹੋ ਰਹੀਆਂ ਸਾਜ਼ਿਸ਼ਾਂ ਕਾਰਨ ਸਿੱਖ ਕੌਮ ਅੰਦਰ ਵੰਡੀਆਂ ਪੈਣ ਕਰਕੇ ਬਾਬੇ ਨਾਨਕ ਦੀ ਨਿਰਮਲ ਵਿਚਾਰਧਾਰਾ ਨਾਲ ਮੁੱਢੋਂ ਖਾਰ ਖਾਣ ਵਾਲੀਆਂ ਤਾਕਤਾਂ ਦੇ (ਉਨ੍ਹਾਂ ਦਾ ਰੰਗ-ਰੂਪ ਭਾਵੇਂ ਕੋਈ ਵੀ ਹੋਵੇ) ਹੋਛੇਪਣ ਤੇ ਹੰਕਾਰ ਦਾ ਬਹੁਤ ਹੀ ਉੱਜਡਪੁਣੇ ਨਾਲ ਇਜ਼ਹਾਰ ਹੋ ਰਿਹਾ ਹੈ, ਜੋ ਕਿ ਧਾਰਮਿਕ ਘੱਟ-ਗਿਣਤੀਆਂ ਦੇ ਨਾਲ-ਨਾਲ ਸਮੁੱਚੇ ਸਮਾਜ ਲਈ ਇਕ ਚਿੰਤਾ ਦਾ ਵਿਸ਼ਾ ਹੈ। ਇਹ ਗੱਲ ਸਾਰਾ ਜੱਗ ਜਾਣਦਾ ਹੈ ਕਿ ਬਾਬੇ ਨਾਨਕ ਨੇ ਸਮਾਜ ਅੰਦਰ ਫੈਲੇ ਵਹਿਮਾਂ-ਭਰਮਾਂ, ਕੂੜ-ਕਸੱਤ ਤੇ ਪਾਖੰਡਵਾਦ ਖਿਲਾਫ਼ ਸੰਘਰਸ਼ ਸ਼ੁਰੂ ਕਰਕੇ ਲੋਕਾਈ ਨੂੰ ਆਜ਼ਾਦ ਫਿਜ਼ਾ ਵਿਚ ਜੀਵਨ ਬਤੀਤ ਕਰਨ ਲਈ ਇਕ ਅਸਲੋਂ ਹੀ ਨਵੀਂ ਲੀਹ ਚਲਾ ਕੇ ਸਦੀਆਂ ਤੋਂ ਦਬਾਏ ਹੋਏ ਲੋਕਾਂ ਸਮੇਤ ਸਮੁੱਚੇ ਸਮਾਜ ਨੂੰ ਇਕ ਵੱਡਾ ਹਲੂਣਾ ਦਿੱਤਾ ਸੀ। ਬਾਬੇ ਨਾਨਕ ਤੋਂ ਬਾਅਦ ਦੂਸਰੇ, ਤੀਸਰੇ ਤੇ ਚੌਥੇ

ਅਜਮੇਰ ਸਿੰਘ ਲੱਖੇਵਾਲ
98727-53109

ਪਾਤਸ਼ਾਹ ਵੱਲੋਂ ਇਸ ਰੀਤ ਨੂੰ ਅੱਗੇ ਤੋਰਿਆ। ਪੰਜਵੇਂ ਪਾਤਸ਼ਾਹ ਵੱਲੋਂ ਗੁਰੂ ਨਾਨਕ ਪਾਤਸ਼ਾਹ ਦੀ ਇਸ ਰੀਤ ਨੂੰ ਅੱਗੇ ਤੋਰਦਿਆਂ ਗੁਰਬਾਣੀ ਸਿਧਾਂਤਾਂ ਦੀਆਂ ਕੱਟਤ ਵਿਰੋਧੀ ਤਾਕਤਾਂ ਖਿਲਾਫ਼ ਮਨੁੱਖਤਾ ਦੇ ਭਲੇ ਲਈ ਸੰਘਰਸ਼ ਜਾਰੀ ਰੱਖਦਿਆਂ ਸ਼ਹਾਦਤ ਦੇਣ ਤੋਂ ਪਹਿਲਾਂ ਇਕ ਅਜਿਹਾ ਸਦੀਵੀ ਸੱਚ ਜੋ ਵੱਖ-ਵੱਖ ਗੁਰੂ ਸਹਿਬਾਨ ਵੱਲੋਂ ਆਪਣੇ-ਆਪਣੇ ਸਮੇਂ ਦੌਰਾਨ ਆਪਣੇ ਹੱਥੀਂ ਲਿਖਿਆ ਸੀ, ਉਸ ਵਿਚ ਆਪਣੇ ਵੱਲੋਂ ਹੋਰ ਵਾਧਾ ਕਰਕੇ ਉਸ ਨੂੰ ਇਕ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਤਿਆਰ ਕਰਕੇ ਕੌਮ ਲਈ ਇਕ ਮਹਾਨ ਕਾਰਜ ਕੀਤਾ। ਉਸ ਪਿੱਛੋਂ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਤੋਂ ਬਾਅਦ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਗ੍ਰੰਥ ਅੰਦਰ ਨੌਵੇਂ ਪਾਤਸ਼ਾਹ ਦੀ ਪਵਿੱਤਰ ਬਾਣੀ ਦਰਜ ਕਰਦਿਆਂ ਆਪਣੇ ਅੰਤਲੇ ਸਮੇਂ ਇਸ ਪਵਿੱਤਰ ਗ੍ਰੰਥ ਨੂੰ ਸਿੱਖਾਂ ਦੇ ਗੁਰੂ ਦਾ ਦਰਜਾ ਦੇ ਕੇ ਕਿਸੇ ਵੀ ਹੋਰ ਦੇਹਧਾਰੀ ਵਿਅਕਤੀ ਨੂੰ ਗੁਰੂ ਮੰਨਣ ਤੋਂ ਸਿੱਖਾਂ ਨੂੰ ਸਖ਼ਤੀ ਨਾਲ ਵਰਜਦਿਆਂ, ਬਾਕੀ ਸਾਰੇ ਧਰਮਾਂ ਨਾਲੋਂ ਸਿੱਖ ਧਰਮ ਅੰਦਰ ਇਕ ਨਿਵੇਕਲੀ ਰੀਤ ਚਲਾਈ। ਸਾਡੇ ਗੁਰੂ ਸਹਿਬਾਨ ਦੀਆਂ ਬਹੁਤ ਹੀ ਔਖੀਆਂ ਘਾਲਣਾਵਾਂ ਤੋਂ ਬਾਅਦ ਹੋਂਦ ਵਿਚ ਆਏ ਗੁਰਬਾਣੀ ਸਿਧਾਂਤ ਤੋਂ ਸੇਧ ਲੈਂਦਿਆਂ ਸਿੱਖ ਕੌਮ ਨੇ ਸਮਾਜ ਦੇ ਭਲੇ ਲਈ ਇਕ ਬਹੁਤ ਹੀ ਸ਼ਾਨਦਾਰ ਇਤਿਹਾਸ ਸਿਰਜਿਆ ਹੈ। ਸਿੱਖ ਕੌਮ ਦੇ ਇਸ ਮਾਣਮੱਤੇ ਇਤਿਹਾਸ ਦੀ ਕੌਮ ਦੇ ਵਿਰੋਧੀ ਵੀ ਸਿਫਤ ਕਰਦੇ ਰਹੇ ਹਨ। ਇਹ ਇਤਿਹਾਸ ਦੀ ਤਸਵੀਰ ਦਾ ਇਕ ਪਾਸਾ ਹੈ, ਇਸ ਦੇ ਨਾਲ-ਨਾਲ ਬਾਬੇ ਨਾਨਕ ਦੀ ਨਿਰਮਲ ਵਿਚਾਰਧਾਰਾ ਦੇ ਵਿਰੋਧੀਆਂ ਨੇ ਕਦੇ ਦੱਬਵੀਂ ਤੇ ਕਦੇ ਉੱਚੀ ਸੁਰ ਵਿਚ, ਕਦੇ ਲੁਕਵੀਂ ਤੇ ਕਦੇ ਨੰਗੀ-ਚਿੱਟੀ ਵਿਰੋਧਤਾ ਦਾ ਕੋਈ ਮੌਕਾ ਹੱਥੋਂ ਨਹੀਂ ਖੁੰਝਾਇਆ। ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਕਲਗੀਧਰ ਪਾਤਸ਼ਾਹ ਤੱਕ ਅਤੇ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ, ਉਸ ਤੋਂ ਬਾਅਦ ਅੰਗਰੇਜ਼ ਹਕੂਮਤ ਦੌਰਾਨ ਤੇ ਫਿਰ ਦੇਸ਼ ਦੀ ਆਜ਼ਾਦੀ ਤੋਂ ਬਾਅਦ ਅੱਜ ਤੱਕ ਇਨ੍ਹਾਂ ਤਾਕਤਾਂ ਦੀ ਬਾਬੇ ਨਾਨਕ ਦੀ ਨਿਰਮਲ ਵਿਚਾਰਧਾਰਾ ਨੂੰ ਭੰਡਣ, ਤੋੜਨ ਤੇ ਇਸ ਵਿਚ ਖੋਟ ਮਿਲਾਉਣ ਦੀ ਲੜਾਈ ਬਾ-ਦਸਤੂਰ - ਬਾਕੀ ਸਫ਼ਾ ੭ ਸ਼ੈਕਸਨ ਸੀ

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤ

ਵਰਿੰਦਰ ਸਿੰਘ

ਗੁਰੂ ਨਾਨਕ ਸਾਹਿਬ ਜੀ ਦਾ ਇਹ ਜਪੁਜੀ ਦੇ ਅਖੀਰ 'ਤੇ ਲਿਖਿਆ ਸਲੋਕ ਸ਼ਾਇਦ ਸਭ ਤੋਂ ਜ਼ਿਆਦਾ ਪੜ੍ਹਿਆ ਜਾਂਦਾ ਹੈ। ਕੀ ਕਾਰਨ ਹੈ ਕਿ ਇਸ ਸਲੋਕ ਨੂੰ ਹਰ ਬਾਣੀ ਦੇ ਅਖੀਰ ਵਿਚ ਪੜ੍ਹਨ ਦੀ ਹਦਾਇਤ ਹੈ? ਆਓ ਇਸ ਸਲੋਕ ਨੂੰ ਵਿਚਾਰੀਏ :

ਸਲੋਕੁ ॥ ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ੧॥

ਅਰਥ :- ਪ੍ਰਾਣ (ਸਰੀਰਾਂ ਲਈ ਇਉਂ ਹਨ ਜਿਵੇਂ) ਗੁਰੂ (ਜੀਵਾਂ ਦੇ ਆਤਮਾ ਲਈ) ਹੈ, ਪਾਣੀ (ਸਭ ਜੀਵਾਂ ਦਾ) ਪਿਉ ਹੈ ਅਤੇ ਧਰਤੀ (ਸਭ ਦੀ) ਵੱਡੀ ਮਾਂ ਹੈ। ਦਿਨ ਅਤੇ ਰਾਤ ਦੋਵੇਂ ਖਿਡਾਵਾ ਤੇ ਖਿਡਾਵੀ ਹਨ, ਸਾਰਾ ਸੰਸਾਰ ਖੇਡ ਰਿਹਾ ਹੈ, (ਭਾਵ, ਸੰਸਾਰ ਦੇ ਸਾਰੇ ਜੀਵ ਰਾਤ ਨੂੰ ਸੌਣ ਵਿਚ ਅਤੇ ਦਿਨੇ ਕਾਰ-ਵਿਹਾਰ ਵਿਚ ਪਰਚੇ ਪਏ ਹਨ)। ਧਰਮਰਾਜ ਅਕਾਲ ਪ੍ਰਰਖ ਦੀ ਹਜ਼ੂਰੀ ਵਿਚ (ਜੀਵਾਂ ਦੇ ਕੀਤੇ ਹੋਏ) ਚੰਗੇ ਤੇ ਮੰਦੇ ਕੌਮ ਵਿਚਾਰਦਾ ਹੈ। ਆਪੋ ਆਪਣੇ (ਇਹਨਾਂ ਕੀਤੇ ਹੋਏ) ਕਰਮਾਂ ਦੇ ਅਨੁਸਾਰ ਕਈ ਜੀਵ ਅਕਾਲ ਪੁਰਖ ਦੇ ਨੇੜੇ ਹੋ ਜਾਂਦੇ ਹਨ ਅਤੇ ਅਕਾਲ ਪੁਰਖ ਤੋਂ ਦੂਰਿ ਹੋ ਜਾਂਦੇ ਹਨ। ਹੇ ਨਾਨਕ। ਜਿਨ੍ਹਾਂ ਮਨੁੱਖਾਂ ਨੇ ਅਕਾਲ ਪੁਰਖ ਦਾ ਨਾਮ ਸਿਮਰਿਆ ਹੈ, ਉਹ ਆਪਣੀ ਮਿਹਨਤ ਸਫਲੀ ਕਰ ਗਏ ਹਨ, (ਅਕਾਲ ਪੁਰਖ ਦੇ ਦਰ 'ਤੇ) ਉਹ ਉੱਜਲ ਮੁਖ ਵਾਲੇ ਹਨ ਅਤੇ (ਹੋਰ ਭੀ) ਕਈ ਜੀਵ ਉਹਨਾਂ ਦੀ ਸੰਗਤਿ ਵਿਚ (ਰਹਿ ਕੇ) ("ਕੂੜ ਦੀ ਪਾਲਿ" ਢਾਹ ਕੇ ਮਾਇਆ ਦੇ ਬੰਧਨਾਂ ਤੋਂ) ਆਜ਼ਾਦ ਹੋ ਗਏ ਹਨ। 1।

ਵਿਚਾਰ :- ਸਭ ਤੋਂ ਪਹਲਾਂ ਪਵਨ (ਹਵਾ, ਸਵਾਸ, ਵਾਯੂ) ਦੀ ਗੁਰੂ ਨਾਲ ਤੁਲਨਾ ਕੀਤੀ ਹੈ, ਜਿਸ ਤਰ੍ਹਾਂ ਪਵਨ ਹਰ ਜਗ੍ਹਾ 'ਤੇ ਬਰਾਬਰ ਵਗਦੀ ਹੈ, ਉਸੇ ਤਰ੍ਹਾਂ ਗੁਰੂ ਦਾ ਗਿਆਨ ਵੀ ਹਰ ਕਿਸੇ ਵਾਸਤੇ ਹਰ ਜਗ੍ਹਾ 'ਤੇ ਇੱਕੋ ਜਿਹਾ ਹੈ। ਜਿਸ ਤਰ੍ਹਾਂ ਸਵਾਸਾਂ ਤੋਂ ਬਿਨ੍ਹਾਂ ਪ੍ਰਾਣੀ ਜ਼ਿੰਦਾ ਨਹੀਂ ਰਹਿ ਸਕਦਾ, ਇਸੇ ਤਰ੍ਹਾਂ ਗੁਰੂ ਤੋਂ ਬਿਨ੍ਹਾਂ ਆਤਮਾ ਜ਼ਿੰਦਾ ਨਹੀਂ ਰਹਿ ਸਕਦੀ।

ਉਸ ਤੋਂ ਬਾਅਦ ਪਾਣੀ ਜੋ ਸਭ ਜੀਆਂ ਦਾ ਅਧਾਰ ਹੈ, ਦੀ ਤੁਲਨਾ ਪਿਤਾ ਨਾਲ ਕੀਤੀ ਗਈ ਹੈ। ਪਾਣੀ ਤੋਂ ਬਿਨ੍ਹਾਂ ਕੋਈ ਜੀਵ ਜੰਤੂ ਜਿੰਦਾ ਨਹੀਂ ਰਹਿ ਸਕਦਾ, ਇਸ ਗੱਲ ਨੂੰ ਪਾਣੀ ਵੀ ਚੰਗੀ ਤਰ੍ਹਾਂ ਜਾਣਦਾ ਹੈ ਪਰ ਇਸ ਦੇ ਬਾਵਜੂਦ ਪਾਣੀ ਹਮੇਸ਼ਾਂ ਢਲਾਨ ਵਾਲੇ ਪਾਸੇ ਨੂੰ ਵਗਦਾ ਹੈ, ਉਹ ਕਦੇ ਵੀ ਨਹੀਂ ਕਹਿੰਦਾ ਕਿ 'ਮੈਂ ਉੱਪਰ ਵੱਲ ਨੂੰ ਵਗਣਾ ਹੈ।' ਇੱਕ ਹੋਰ ਗੁਣ ਪਾਣੀ ਦਾ ਹੈ ਕਿ ਉਹ ਨਿਰਮਲ ਗਿਣਿਆ ਜਾਂਦਾ ਹੈ ਪਰ ਦੂਜੇ ਦੀ ਮੈਲ ਲਾਹੁਣ ਲੱਗਿਆਂ ਉਹ ਇੱਕ ਵਾਰ ਵੀ ਨਹੀਂ ਸੋਚਦਾ ਕਿ ਮੈਂ ਨਿਰਮਲ ਨਹੀਂ ਰਹਾਂਗਾ, ਗੰਦਾ ਹੋ ਜਾਵਾਂਗਾ। ਤੀਜਾ ਗੁਣ ਜੋ ਪਾਣੀ ਦਾ ਹੈ ਉਹ ਇਹ ਹੈ ਕਿ ਉਹ ਜਿਸ ਵਿੱਚ ਵੀ ਮਿਲਾਇਆ ਜਾਂਦਾ ਹੈ, ਉਸੇ ਦਾ ਰੰਗ ਧਾਰਨ ਕਰ ਲੈਂਦਾ ਹੈ। ਇਸ ਤੋਂ ਬਾਅਦ ਗੁਰੂ ਸਾਹਿਬ ਧਰਤੀ ਦੀ ਤੁਲਨਾ ਮਾਤਾ ਨਾਲ ਕਰਦੇ ਹਨ, ਧਰਤੀ ਦਾ ਜਿਗਰਾ ਬਹੁਤ ਵੱਡਾ ਹੈ(ਮਾਂ ਵਰਗਾ) ਕੋਈ ਉਸ ਨੂੰ ਕੱਟੇ, ਵੱਡੇ, ਟੁਕੜੇ ਕਰੇ ਉਹ ਕਦੇ ਗਿਲਾ-ਸ਼ਿਕਵਾ ਨਹੀਂ ਕਰਦੀ ਫਿਰ ਵੀ ਹਰ ਇੱਕ ਨਾਲ ਉਤਨਾ ਹੀ ਪਿਆਰ ਕਰਦੀ ਹੈ। ਐਨਾ ਕੁਝ ਕਰਨ ਦੇ ਬਾਅਦ ਵੀ ਜੇ ਉਸ ਵਿੱਚ ਕੁਝ ਬੀਜੋ ਤਾਂ ਆਪਣੀ ਪਰਵਾਹ ਨਾ ਕਰਦੀ - ਬਾਕੀ ਸਫ਼ਾ ੭ ਸ਼ੈਕਸਨ ਸੀ

IMMIGRATION & APPEAL

SWIFT IMMIGRATION SOLUTIONS INC.

SUPER VISA APPLICATION

- Spousal Sponsorship
- Parents & Grand Parents Sponsorship
- LMO-Labour Market Opinion for Employees
- Citizenship Questionaire
- Citizenship Application
- Immigration Appeal
- Detention Reviews
- Refused and Difficult Cases
- Work Permit-Renewal & Extension
- All Immigration Matters

US Visitor Visa

ਅਸੀਂ ਪੰਜਾਬੀ, ਹਿੰਦੀ, ਉਰਦੂ, ਇੰਗਲਿਸ਼ ਬੋਲਦੇ ਹਾਂ

249-7025 Tomken Rd., Mississauga, ON L5S 1R6

Neerja Bhandari (RCIC)
Immigration Counsel and Oath Commissioner
Member in ICCRC and CAPIC

647-385-9619
905-460-9619
www.swiftimmigration.com

WEST COAST IMMIGRATION CONSULTANTS
One of Canada's Oldest Immigration Consulting Organization
Successfully Assisted more than 40,000 People
Do you have an Immigration problem or Want to bring your Relative or Friend to Canada?
Call Parmjit Mangat for Free Initial Consultation

Parmjit S. Mangat
B.A., C.F.P., R.C.I.C
MEMBER ICCRC
Immigration Consultant & Advocate

Tel: 416-745-9777
Toll free: 1-877-745-9777

Also Call Us for information about WORLD VIEW ADOPTION ASSOCIATION
Licensed by Ontario Ministry of Children & Youth Services
130 Westmore Drive, Unit #5, Toronto, ON M9V 5E2

PUNJAB TRUCK FINANCERS
ਟਰੱਕ ਜਿਥੋਂ ਮਰਜ਼ੀ ਲੱਭੋ, ਲੋਨ ਸਾਡੇ ਤੇ ਛੱਡੋ!!
TRUCK
Trailer & Equipment
LOANS
Free Consultation
No Fees for Loans
SAME DAY APPROVAL
New & Used, Big or Small
We do LOANS for All
Low Interest Rate with 0% down*
Some Conditions Apply
Call: 416-653-5555
HARDEV TOOR DAVINDER POWER JASBIR S BOPARAI RANBIR S PARHAR

Century 21
Century 21 Green Realty Inc. Brokerage
Buy Green, Build Green, Save Environment...
Jasbir Singh Dhesi

ਗੁਰੂ ਨਾਨਕ ਦੇਵ ਜੀ ਦੇ ਅਵਤਾਰ-ਪੁਰਬ ਦੀਆਂ ਸਾਰੀ ਲੋਕਾਈ ਨੂੰ ਲੱਖ-ਲੱਖ ਵਧਾਈਆਂ!